# ਪਰਮੇਸ਼ੁਰ ਦੀ ਹੈਕਲ

ਫ੍ਰੈਂਕਲਿਨ ਦੇ ਨੋਟਸ

## ਪੁਰਾਣੇ ਨੇਮ ਦੇ ਵਿੱਚ ਪਰਮੇਸ਼ੁਰ ਅਤੇ ਉਸ ਦੀ ਮਹਿਮਾ ਆਪਣੇ ਲੋਕਾਂ ਦੇ ਨਾਲ ਇੱਕ ਹੈਕਲ ਵਿੱਚ ਵੱਸਦੀ ਸੀ।

ਦਾਊਦ ਜਿਸ ਨੂੰ ਪਰਮੇਸ਼ੁਰ ਨੇ ਕਿਹਾ: ਮੇਰੇ ਮਨ ਭਾਉਂਦਾ ਇੱਕ ਮਨੁੱਖ (ਰਸੂਲਾਂ ਦੇ ਕਰਤੱਬ 13:22) ਉਸ ਨੂੰ **ਪਰਮੇਸ਼ੁਰ ਦੇ ਲਈ ਇੱਕ ਹੈਕਲ ਬਣਾਉਣ** ਦੀ ਦ੍ਰਿੜ ਅਤੇ ਅਟੱਲ ਇੱਛਾ ਸੀ ਤਾਂ ਕਿ ਉਹ ਆਪਣੇ ਲੋਕਾਂ ਵਿਚਕਾਰ ਘਰ ਕਰੇ ਅਤੇ ਵੱਸੇ।

1 ਇਤਹਾਸ 28:1-3 ਦਾਊਦ ਨੇ ਇਸਰਾਏਲ ਦੇ ਸਾਰਿਆਂ ਸਰਦਾਰਾਂ ਨੂੰ, ਅਰਥਾਤ ਗੋਤਾਂ ਦੇ ਸਰਦਾਰਾਂ ਨੂੰ ਅਤੇ ਉਨ੍ਹਾਂ ਮੰਡਲੀਆਂ ਦੇ ਸਰਦਾਰਾਂ ਨੂੰ, ਜਿਹੜੇ ਵਾਰੋਵਾਰੀ ਪਾਤਸ਼ਾਹ ਦੀ ਸੇਵਾ ਕਰਦੇ ਸਨ ਅਤੇ ਹਜ਼ਾਰਾਂ ਦੇ ਸਰਦਾਰਾਂ ਨੂੰ, ਸੈਂਕੜਿਆਂ ਦੇ ਸਰਦਾਰਾਂ ਨੂੰ, ਪਾਤਸ਼ਾਹ ਅਤੇ ਉਸ ਦੇ ਪੁੱਤਰਾਂ ਦੇ ਸਾਰੇ ਮਾਲ ਮਤੇ ਦੇ ਸਰਦਾਰਾਂ ਨੂੰ, ਹੁੱਦੇਦਾਰਾਂ ਨੂੰ, ਸੂਰਮਿਆਂ ਨੂੰ, ਅਤੇ ਸਾਰੇ ਮਹਾਂ ਬਲੀਆਂ ਨੂੰ ਯਰੂਸ਼ਲਮ ਵਿੱਚ ਇਕੱਠਿਆਂ ਕੀਤਾ। ਤਾਂ ਦਾਊਦ ਪਾਤਸ਼ਾਹ ਆਪਣੇ ਪੱਬਾਂ ਦੇ ਭਾਰ ਉੱਠ ਖੜਾ ਹੋਇਆ, ਅਰ ਆਖਿਆ, ਹੇ ਮੇਰੇ ਭਾਈਓ, ਅਰ ਹੇ ਮੇਰੀ ਪਰਜਾ, ਮੇਰੀ ਸੁਣੋ! ਮੇਰੇ ਮਨ ਵਿੱਚ ਸੀ ਭਈ ਮੈਂ ਯਹੋਵਾਹ ਦੇ **ਨੇਮ ਦੇ ਸੰਦੂਕ** ਦੇ ਲਈ **ਸੁਖ ਅਸਥਾਨ** ਅਤੇ **ਸਾਡੇ ਪਰਮੇਸ਼ੁਰ ਦੇ ਪੈਰਾਂ ਦੇ ਤਲੇ ਦੀ ਚੌਂਕੀ ਬਣਾਵਾਂ**

- ਇਹ ਉਨ੍ਹਾਂ ਦੀ ਇੱਛਾ ਹੈ ਜਿਨ੍ਹਾਂ ਦਾ ਦਾਊਦ ਦੇ ਮਨ ਵਰਗਾ ਮਨ ਹੈ

ਅਰ ਮੈਂ ਉਸ ਦੇ ਬਣਾਉਣ ਦੇ ਲਈ ਤਿਆਰੀ ਕੀਤੀ ਸੀ। ਪਰ ਪਰਮੇਸ਼ੁਰ ਨੇ ਮੈਨੂੰ ਆਖਿਆ, ਤੂੰ ਮੇਰੇ ਨਾਮ ਦੇ ਲਈ ਭਵਨ ਨਾ ਬਣਾ ਇਸ ਕਰਕੇ ਜੋ ਤੂੰ ਇੱਕ ਜੋਧਾ ਹੈ ਅਤੇ ਤੂੰ ਲਹੂ ਵਗਾਇਆ ਹੈ, ਅਰ ਉਸ ਨੇ ਮੈਨੂੰ ਕਿਹਾ, ਤੇਰਾ ਪੁੱਤਰ **ਸੁਲੇਮਾਨ** ਮੇਰੇ ਭਵਨ ਅਰ ਦਰਬਾਰਾਂ ਨੂੰ ਬਣਾਵੇਗਾ ਕਿਉਂ ਜੋ ਮੈਂ ਉਸ ਨੂੰ **ਚੁਣ ਲਿਆ** ਹੈ ਜੋ ਮੇਰਾ **ਪੁੱਤਰ ਹੋਵੇ** ਅਰ ਮੈਂ ਉਸ ਦਾ ਪਿਤਾ ਹੋਵਾਂ।

### ਹੈਕਲ ਦੀ ਤਿਆਰੀ

1 ਇਤਹਾਸ 29:1-2 ਦਾਊਦ ਪਾਤਸ਼ਾਹ ਨੇ ਸਾਰੀ ਸਭਾ ਨੂੰ ਆਖਿਆ, ਮੇਰਾ ਪੁੱਤਰ ਸੁਲੇਮਾਨ ਜੋ ਇਕੱਲਾ ਪਰਮੇਸ਼ੁਰ ਨੇ ਚੁਣ ਲਿਆ ਹੈ ਅਜੇ ਬਾਲਕ ਅਤੇ ਮਸੂਮ ਹੈ, ਅਰ ਕੰਮ ਬਹੁਤ ਵੱਡਾ ਹੈ ਕਿਉਂ ਜੋ **ਉਹ ਭਵਨ ਮਨੁੱਖ ਦੇ ਲਈ ਨਹੀਂ ਸਗੋਂ ਯਹੋਵਾਹ ਪਰਮੇਸ਼ੁਰ ਦੇ ਲਈ ਹੋਵੇਗਾ।** [2]**ਮੈਂ ਤਾਂ ਆਪਣੀ ਸਾਰੀ ਸ਼ਕਤੀ ਨਾਲ ਆਪਣੇ ਪਰਮੇਸ਼ੁਰ ਦੀ ਹੈਕਲ ਦੇ ਲਈ ਤਿਆਰੀ ਕੀਤੀ ਹੈ . . . ਸੋਨਾ . . . ਚਾਂਦੀ . . . ਪਿੱਤਲ . . . ਲੋਹਾ . . . ਕਾਠ**, ਅਤੇ **ਬਲੌਰੀ ਪੱਥਰ**, ਅਤੇ ਜੜਤ ਘੜਤ ਲਈ ਭਾਂਤ ਭਾਂਤ ਦੇ **ਰੰਗੀਲੇ** ਪੱਥਰ, ਅਤੇ ਹਰੇਕ ਪਰਕਾਰ ਦੇ **ਅਣਮੋਲ ਪੱਥਰ**, ਅਰ ਬਿਅੰਤ **ਚਿੱਟੇ ਪੱਥਰ** ਤਿਆਰ ਕੀਤੇ। [3]ਅਤੇ ਇਸ ਲਈ ਜੋ **ਮੈਂ ਆਪਣਾ ਮਨ ਆਪਣੇ ਪਰਮੇਸ਼ੁਰ ਦੇ ਭਵਨ ਉੱਤੇ ਲਾਇਆ ਹੈ**, ਇਸ ਦੇ ਬਾਝੋਂ ਜੋ **ਮੈਂ ਪਵਿੱਤਰ ਅਸਥਾਨ ਦੇ ਲਈ ਤਿਆਰ ਕਰ ਛੱਡਿਆ, ਮੈਂ ਆਪਣੇ ਨਿੱਜ ਧਨ ਵਿੱਚੋਂ ਆਪਣੇ ਪਰਮੇਸ਼ੁਰ ਦੇ ਘਰ** ਲਈ **ਸੋਨਾ ਅਤੇ ਚਾਂਦੀ ਦਿੰਦਾ ਹਾਂ।** [4]ਅਰਥਾਤ **ਤਿੰਨ ਹਜ਼ਾਰ ਕੰਤਾਰ ਸੋਨਾ**, ਉਫੀਰੀ ਸੋਨੇ ਤੋਂ, ਅਤੇ **ਸੱਤ ਹਜ਼ਾਰ ਕੰਤਾਰ ਖਰੀ ਚਾਂਦੀ**, ਅਸਥਾਨ ਦੀਆਂ ਕੰਧਾਂ ਦੇ ਮੜ੍ਹਨ ਲਈ। [5]ਉਹ ਸੋਨਾ ਸੁਨਿਹਰੀ ਵਸਤਾਂ ਦੇ ਲਈ, ਅਤੇ ਚਾਂਦੀ ਰੁਪਹਿਰੀ ਵਸਤਾਂ ਦੇ ਲਈ, ਅਰ ਕਾਰੀਗਰੀਆਂ ਦੇ ਹਰੇਕ ਪ੍ਰਕਾਰ ਦੇ ਕੰਮ ਦੇ ਲਈ ਹੈ, ਅਤੇ **ਅਜਿਹਾ ਕਿਹੜਾ ਹੈ ਜੋ ਮਨ ਦੇ ਪ੍ਰੇਮ ਨਾਲ ਭੇਟਾਂ ਚੜ੍ਹਾ ਕੇ ਯਹੋਵਾਹ ਦੇ ਲਈ ਆਪਣੇ ਆਪ ਨੂੰ ਅਰਪਣ ਕਰੇ?** [6] ਤਦ ਪਿਤਰਾਂ ਦੀਆਂ ਕੁਲਾਂ ਦੇ ਸਰਦਾਰਾਂ ਅਤੇ ਇਸਰਾਏਲ ਦੇ ਗੋਤਾਂ ਦੇ ਸਰਦਾਰਾਂ ਅਤੇ ਹਜ਼ਾਰਾਂ ਅਤੇ ਸੈਂਕੜਿਆਂ ਦੇ ਸਰਦਾਰਾਂ ਅਤੇ ਪਾਤਸ਼ਾਹ ਦੇ ਰਾਜ ਕਾਜ ਦੇ

ਸਰਦਾਰਾਂ ਨੇ **ਮਨ ਦੇ ਪ੍ਰੇਮ ਨਾਲ ਭੇਟਾਂ ਚੜ੍ਹਾਈਆਂ।** [7]ਅਤੇ ਉਨ੍ਹਾਂ ਨੇ ਪਰਮੇਸ਼ੁਰ ਦੇ ਭਵਨ ਦੀ ਟਹਿਲ ਸੇਵਾ ਲਈ **ਪੰਜ ਹਜ਼ਾਰ ਕੰਤਾਰ ਸੋਨਾ ਅਤੇ ਦਸ ਹਜ਼ਾਰ ਮੋਹਰ** ਅਤੇ **ਦਸ ਹਜ਼ਾਰ ਕੰਤਾਰ ਰੁੱਪਾ** ਅਤੇ **ਅਠਾਰਾਂ ਹਜ਼ਾਰ ਕੰਤਾਰ ਪਿੱਤਲ** ਅਤੇ **ਇੱਕ ਲੱਖ ਕੰਤਾਰ ਲੋਹਾ** ਦਿੱਤਾ। [8] ਅਤੇ **ਜਿਨ੍ਹਾਂ ਦੇ ਕੋਲ ਅਨਮੋਲਕ ਪੱਥਰ ਸਨ, ਓਹਨਾਂ ਨੇ ਉਨ੍ਹਾਂ ਨੂੰ ਯਹੀਏਲ ਗੇਰਸ਼ੋਨੀ ਦੇ ਹੱਥੀਂ ਯਹੋਵਾਹ ਦੇ ਭਵਨ ਦੇ ਖਜ਼ਾਨੇ ਵਿੱਚ ਦੇ ਦਿੱਤਾ।** [9] ਤਾਂ **ਲੋਕਾਂ ਨੇ ਵੱਡਾ ਅਨੰਦ ਕੀਤਾ** ਇਸ ਕਾਰਨ ਜੋ **ਉਨ੍ਹਾਂ ਨੇ ਮਨ ਦੇ ਪ੍ਰੇਮ ਨਾਲ ਭੇਟਾਂ ਦਿੱਤੀਆਂ ਸਨ** ਕਿਉਂ ਜੋ **ਸਿੱਧੇ ਮਨ ਨਾਲ** ਉਨ੍ਹਾਂ ਨੇ **ਯਹੋਵਾਹ ਦੇ ਲਈ** ਭੇਟਾਂ ਚੜ੍ਹਾਈਆਂ ਸਨ ਅਰ ਦਾਊਦ ਪਾਤਸ਼ਾਹ ਨੇ ਵੀ ਬੜਾ ਅਨੰਦ ਕੀਤਾ।

- ਉਹ ਭਵਨ ਮਨੁੱਖ ਦੇ ਲਈ ਨਹੀਂ ਸਗੋਂ ਯਹੋਵਾਹ ਪਰਮੇਸ਼ੁਰ ਦੇ ਲਈ ਹੋਵੇਗਾ। ਇਹ ਇੱਕ ਬਹੁਤ ਹੀ ਮਹੱਤਵਪੂਰਣ ਕਥਨ ਹੈ ਜੋ ਕਿ ਅਸੀਂ ਬਾਅਦ ਵਿੱਚ ਵੇਖਾਂਗੇ।

- ਸਾਨੂੰ ਹੈਕਲ ਦੇ ਲਈ ਦਾਊਦ ਵਰਗਾ ਜਨੂੰਨ ਰੱਖਣ ਦੀ ਲੋੜ ਹੈ ਜਿੱਥੇ ਪਰਮੇਸ਼ੁਰ ਵਾਸ ਕਰਦਾ ਹੈ।

  2 ਕੁਰਿੰਥੀਆਂ 9:7 ਹਰੇਕ ਜਿਵੇਂ ਉਹ ਨੇ ਦਿਲ ਵਿੱਚ ਧਾਰਿਆ ਹੈ ਤਿਵੇਂ ਕਰੇ, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ ਕਿਉਂ ਜੋ **ਪਰਮੇਸ਼ੁਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ।**

- ਉਨ੍ਹਾਂ ਨੇ ਪਰਮੇਸ਼ੁਰ ਦੀ ਹੈਕਲ ਨੂੰ ਪਰਤਾਪਵਾਨ ਬਣਾਉਣ ਲਈ ਬਿਨ੍ਹਾਂ ਸੰਕੋਚ ਤੋਂ ਅਤੇ ਵੱਡੇ ਅਨੰਦ ਨਾਲ ਦਿੱਤਾ!

## ਪੁਰਾਣੇ ਨੇਮ ਦੀ ਹੈਕਲ ਨੂੰ ਅਰਪਣ ਕਰਨਾ

2 ਇਤਹਾਸ 7:1-3 ਜਦ ਸੁਲੇਮਾਨ ਪ੍ਰਾਰਥਨਾ ਕਰ ਚੁੱਕਿਆ ਤਾਂ **ਅਕਾਸ਼ ਉੱਤੋਂ ਅੱਗ ਉੱਤਰੀ** ਅਤੇ ਹੋਮ ਦੀ ਭੇਟ ਤੇ ਬਲੀਆਂ ਨੂੰ ਭਖ ਲਿਆ **ਅਤੇ ਉਹ ਭਵਨ ਯਹੋਵਾਹ ਦੇ ਪਰਤਾਪ ਨਾਲ ਭਰ ਗਿਆ।** ਤਾਂ ਜਾਜਕ ਯਹੋਵਾਹ ਦੇ ਭਵਨ ਦੇ ਅੰਦਰ ਨਾ ਜਾ ਸਕੇ ਕਿਉਂ ਜੋ **ਯਹਵਾਹ ਦਾ ਭਵਨ ਯਹੋਵਾਹ ਦੇ ਪਰਤਾਪ ਨਾਲ ਭਰ ਗਿਆ ਸੀ।** ਅਤੇ ਜਦੋਂ **ਅੱਗ ਉੱਤਰੀ** ਅਤੇ **ਯਹੋਵਾਹ ਦਾ ਪਰਤਾਪ ਉਸ ਭਵਨ ਉੱਤੇ ਸੀ** ਤਾਂ ਸਾਰੇ ਇਸਰਾਏਲੀ ਵੇਖ ਰਹੇ ਸਨ ਸੋ ਉਨ੍ਹਾਂ ਨੇ ਉੱਥੇ ਹੀ ਧਰਤੀ ਉੱਤੇ ਮੂੰਹ ਪਰਨੇ ਫਰਸ਼ ਤੇ ਡਿੱਗ ਕੇ ਮੱਥਾ ਟੇਕਿਆ ਅਤੇ ਯਹੋਵਾਹ ਦਾ ਧੰਨਵਾਦ ਕੀਤਾ . . . ਹੁਣ ਜਿਹੜੀ ਪ੍ਰਾਰਥਨਾ ਏਸ ਤਾਂ ਕੀਤੀ ਜਾਵੇਗੀ ਉਸ ਉੱਤੇ ਮੇਰੀਆਂ ਅੱਖਾਂ ਖੁਲ੍ਹੀਆਂ ਰਹਿਣਗੀਆਂ ਅਤੇ ਮੇਰੇ ਕੰਨ ਲੱਗੇ ਰਹਿਣਗੇ।

ਨਵੇਂ ਨੇਮ ਦੇ ਵਿੱਚ ਪਰਮੇਸ਼ੁਰ ਦੀ ਹੈਕਲ ਨੂੰ ਬਦਲ ਦਿੱਤਾ ਗਿਆ ਸੀ।

1. ਯਿਸੂ ਪਰਮੇਸ਼ੁਰ ਦੀ ਹੈਕਲ ਬਣ ਗਿਆ।

ਮੱਤੀ 12:6 ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਐਥੇ **ਹੈਕਲ** ਨਾਲੋਂ ਵੀ ਇੱਕ ਵੱਡਾ ਹੈ।

ਯੂਹੰਨਾ 2:19 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਇਸ **ਹੈਕਲ** ਨੂੰ ਢਾਹ ਸੁੱਟੋ ਤਾਂ ਮੈਂ ਤਿੰਨਾਂ ਦਿਨਾਂ ਵਿੱਚ ਇਹ ਨੂੰ ਖੜਾ ਕਰ ਦਿਆਂਗਾ।

- ਯਿਸੂ ਨੂੰ ਅਰਪਣ ਕਰਨਾ – ਜੋ ਹੈਕਲ ਹੈ

ਲੂਕਾ 3:21-22 ਜਾਂ ਸਾਰੇ ਲੋਕ ਬਪਤਿਸਮਾ ਲੈ ਹਟੇ ਅਰ ਯਿਸੂ ਵੀ ਬਪਤਿਸਮਾ ਲੈ ਕੇ ਪ੍ਰਾਰਥਨਾ ਕਰ ਰਿਹਾ ਸੀ ਤਾਂ ਐਉਂ ਹੋਇਆ ਜੋ ਅਕਾਸ਼ ਖੁਲ੍ਹ ਗਿਆ। ਅਤੇ **ਪਵਿੱਤਰ ਆਤਮਾ** ਦਿਹ ਦਾ ਰੂਪ ਧਾਰ ਕੇ ਕਬੂਤਰ ਦੀ ਨਿਆਈਂ **ਉਸ ਉੱਤੇ ਉੱਤਰਿਆ** ਅਤੇ ਇੱਕ ਸੁਰਗੀ ਬਾਣੀ ਆਈ, ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੈਥੋਂ ਮੈਂ ਪਰਸਿੰਨ ਹਾਂ।

ਯੂਹੰਨਾ 1:14 ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ **ਕਿਰਪਾ** ਅਤੇ **ਸਚਿਆਈ** ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ **ਅਸਾਂ ਉਸ ਦਾ ਤੇਜ** ਪਿਤਾ ਦੇ ਇਕਲੌਤੇ ਦੇ **ਤੇਜ** ਵਰਗਾ **ਡਿੱਠਾ**।

## 2. ਉਸ ਦੇ ਚੇਲੇ ਪਰਮੇਸ਼ੁਰ ਦੀ ਹੈਕਲ ਬਣ ਗਏ

ਰਸੂਲਾਂ ਦੇ ਕਰਤੱਬ 1:8 ਪਰ ਜਾ **ਪਵਿੱਤਰ ਆਤਮਾ** ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ।

ਰਸੂਲਾਂ ਦੇ ਕਰਤੱਬ 2:2-4 ਅਰ ਅਚਾਨਕ ਅਕਾਸ਼ ਤੋਂ ਗੂੰਜ ਆਈ ਜਿਹੀ ਵੱਡੀ ਭਾਰੀ ਅਨ੍ਹੇਰੀ ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਓਹ ਬੈਠੇ ਸਨ ਭਰ ਗਿਆ। ਅਰ ਉਨ੍ਹਾਂ ਨੂੰ **ਅੱਗ** ਜਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਓਹ ਉਨ੍ਹਾਂ ਵਿੱਚੋਂ ਹਰੇਕ **ਉੱਤੇ** ਠਹਿਰੀਆਂ। ਤਦ **ਓਹ ਸੱਭੇ ਪਵਿੱਤਰ ਆਤਮਾ ਨਾਲ ਭਰ ਗਏ** ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਵੇਂ ਆਤਮਾ ਨੇ ਉਨ੍ਹਾਂ ਨੂੰ ਬੋਲਣ ਦਿੱਤਾ।

- ਜਿਵੇਂ ਅਸੀਂ ਸੁਲੇਮਾਨ ਦੀ ਹੈਕਲ ਨੂੰ ਅਰਪਣ ਕਰਨ ਦੇ ਬਾਰੇ ਪੜ੍ਹਦੇ ਹਾਂ

## 3. ਅਤੇ ਹੁਣ ਅਸੀਂ ਪਰਮੇਸ਼ੁਰ ਦੀ ਹੈਕਲ ਹਾਂ

2 ਕੁਰਿੰਥੀਆਂ 6:16-17 ਅਤੇ ਪਰਮੇਸ਼ੁਰ ਦੀ ਹੈਕਲ ਨੂੰ ਮੂਰਤੀਆਂ ਨਾਲ ਕੀ ਵਾਸਤਾ ਹੈ? **ਅਸੀਂ ਤਾਂ ਜੀਉਂਦੇ ਪਰਮੇਸ਼ੁਰ ਦੀ ਹੈਕਲ ਹਾਂ** ਜਿਵੇਂ ਪਰਮੇਸ਼ੁਰ ਨੇ ਬਚਨ ਕੀਤਾ-**ਮੈਂ ਓਹਨਾਂ ਵਿੱਚ ਵਾਸ ਕਰਾਂਗਾ** ਅਤੇ **ਫਿਰਿਆ ਕਰਾਂਗਾ**, ਮੈਂ ਓਹਨਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ। ਇਸ ਲਈ ਉਨ੍ਹਾਂ ਵਿੱਚੋਂ ਨਿੱਕਲ ਆਓ, ਅਤੇ **ਅੱਡ ਹੋਵੋ**, ਪ੍ਰਭੂ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ . . .

ਸਾਡਾ ਪਾਣੀ ਦਾ ਬਪਤਿਸਮਾ ਅਤੇ ਪਵਿੱਤਰ ਆਤਮਾ ਦਾ ਸਾਡੇ ਉੱਤੇ ਆਉਣਾ – ਜਿਵੇਂ ਯਿਸੂ ਅਤੇ ਉਸ ਦੇ ਚੇਲਿਆਂ ਨਾਲ ਸੀ ਅਤੇ ਸੁਲੇਮਾਨ ਦੀ ਹੈਕਲ ਹੈ . . .

### ਪਰਮੇਸ਼ੁਰ ਦੀ ਹੈਕਲ ਨੂੰ ਸਾਡਾ ਅਰਪਣ ਕਰਨਾ

ਰੋਮੀਆਂ 12:1-2 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ **ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ**, ਇਹ ਤੁਹਾਡੀ ਰੂਹਾਨੀ ਬੰਦਗੀ ਹੈ।

### ਇਹ ਹੈ ਜਿਸ ਦੇ ਲਈ ਤੁਹਾਡੀ ਰਚਨਾ ਕੀਤੀ ਗਈ ਹੈ

## **ਤੁਸੀਂ ਪਰਮੇਸ਼ੁਰ ਦੀ ਹੈਕਲ ਹੋ**

### ਸਾਡਾ ਅਰਪਣ ਉਸੇ ਤਰ੍ਹਾਂ ਹੈ ਜਿਵੇਂ ਇਹ ਪਹਿਲੀ ਹੈਕਲ ਦਾ ਸੀ

1 ਇਤਹਾਸ 29:1-2 . . . **ਉਹ ਭਵਨ ਮਨੁੱਖ ਦੇ ਲਈ ਨਹੀਂ ਸਗੋਂ ਯਹੋਵਾਹ ਪਰਮੇਸ਼ੁਰ ਦੇ ਲਈ ਹੋਵੇਗਾ। ਮੈਂ ਤਾਂ ਆਪਣੀ ਸਾਰੀ ਸ਼ਕਤੀ ਨਾਲ ਆਪਣੇ ਪਰਮੇਸ਼ੁਰ ਦੀ ਹੈਕਲ ਦੇ ਲਈ ਤਿਆਰੀ ਕੀਤੀ ਹੈ . . . . ਸਿੱਧੇ ਮਨ ਨਾਲ ਉਨ੍ਹਾਂ ਨੇ ਯਹੋਵਾਹ ਦੇ ਲਈ ਭੇਟਾਂ ਚੜ੍ਹਾਈਆਂ ਸਨ**

ਇਹ ਸਾਡੀ ਜ਼ਿੰਮੇਵਾਰੀ ਹੈ ! ਸਾਡੀ ਦੇਹ ਨੂੰ ਪਰਮੇਸ਼ੁਰ ਦੀ
ਹੈਕਲ ਦੇ ਰੂਪ ਵਿੱਚ ਤਿਆਰ ਕਰਨਾ ਅਤੇ ਅਰਪਣ ਕਰਨਾ।

2 ਇਤਹਾਸ 7:1-3 ਜਦ ਸੁਲੇਮਾਨ ਪ੍ਰਾਰਥਨਾ ਕਰ ਚੁੱਕਿਆ ਤਾਂ **ਅਕਾਸ਼ ਉੱਤੋਂ ਅੱਗ ਉੱਤਰੀ** ਅਤੇ ਹੋਮ ਦੀ ਭੇਟ ਤੇ ਬਲੀਆਂ ਨੂੰ ਭਖ ਲਿਆ **ਅਤੇ ਉਹ ਭਵਨ ਯਹੋਵਾਹ ਦੇ ਪਰਤਾਪ ਨਾਲ ਭਰ ਗਿਆ।** ਅਤੇ ਜਦੋਂ ਅੱਗ ਉੱਤਰੀ ਅਤੇ **ਯਹੋਵਾਹ ਦਾ ਪਰਤਾਪ ਉਸ ਭਵਨ ਉੱਤੇ ਸੀ** ਤਾਂ ਸਾਰੇ ਇਸਰਾਏਲੀ ਵੇਖ ਰਹੇ ਸਨ ਸੋ ਉਨ੍ਹਾਂ ਨੇ ਉੱਥੇ ਹੀ ਧਰਤੀ ਉੱਤੇ ਮੂੰਹ ਪਰਨੇ ਫਰਸ਼ ਤੇ ਡਿੱਗ ਕੇ ਮੱਥਾ ਟੇਕਿਆ ਅਤੇ ਯਹੋਵਾਹ ਦਾ ਧੰਨਵਾਦ ਕੀਤਾ ਕਿ ਉਹ ਭਲਾ ਹੈ, ਉਸ ਦੀ ਦਯਾ ਜੋ ਸਦਾ ਦੀ ਹੈ! ਅਤੇ ਪਰਮੇਸ਼ੁਰ ਨੇ ਕਿਹਾ: ਹੁਣ ਜਿਹੜੀ ਪ੍ਰਾਰਥਨਾ ਏਸ ਥਾਂ ਕੀਤੀ ਜਾਵੇਗੀ ਉਸ ਉੱਤੇ ਮੇਰੀਆਂ ਅੱਖਾਂ ਖੁਲ੍ਹੀਆਂ ਰਹਿਣਗੀਆਂ ਅਤੇ ਮੇਰੇ ਕੰਨ ਲੱਗੇ ਰਹਿਣਗੇ ਕਿਉਂ ਜੋ ਹੁਣ **ਮੈਂ** ਏਸ ਭਵਨ ਨੂੰ **ਚੁਣਿਆ** ਤੇ **ਪਵਿੱਤਰ ਕੀਤਾ** ਹੈ ਤਾਂ ਜੋ **ਮੇਰਾ ਨਾਮ ਸਦਾ ਉੱਥੇ ਰਹੇ** ਅਤੇ **ਮੇਰੀਆਂ ਅੱਖਾਂ ਅਤੇ ਮੇਰਾ ਦਿਲ ਸਾਰੇ ਦਿਨਾਂ ਤੀਕ ਉੱਥੇ ਲੱਗੇ ਰਹਿਣਗੇ।**

ਜਿਵੇਂ ਯਸਾਯਾਹ ਨੇ ਕਿਹਾ: 43:6–7
ਮੈਂ ਉੱਤਰ ਨੂੰ ਆਖਾਂਗਾ, ਦੇ ਦੇਹ! ਅਤੇ ਦੱਖਣ ਨੂੰ, ਰੋਕ ਕੇ ਨਾ ਰੱਖ! ਤੂੰ **ਮੇਰੇ ਪੁੱਤਰਾਂ** ਨੂੰ ਦੂਰ ਤੋਂ ਲਿਆ, ਅਤੇ **ਮੇਰੀਆਂ ਧੀਆਂ** ਨੂੰ ਧਰਤੀ ਦੀ ਹੱਦ ਤੋਂ, **ਹਰੇਕ ਜੋ ਮੇਰੇ ਨਾਮ ਤੋਂ ਸਦਾਉਂਦਾ ਹੈ**, ਜਿਹ ਨੂੰ **ਮੈਂ ਆਪਣੇ ਪਰਤਾਪ ਲਈ ਉਤਪੰਨ ਕੀਤਾ**, ਜਿਹ ਨੂੰ **ਮੈਂ ਸਾਜਿਆ**, ਹਾਂ, ਜਿਹ ਨੂੰ **ਮੈਂ ਬਣਾਇਆ**।

ਤੁਹਾਡੀ ਰਚਨਾ ਪਰਮੇਸ਼ੁਰ ਦੀ ਹੈਕਲ ਬਣਨ ਲਈ ਕੀਤੀ ਗਈ ਹੈ।
ਪਰਮੇਸ਼ੁਰ ਦੀ ਮਹਿਮਾ ਨੂੰ ਆਪਣੇ ਵਿੱਚ ਰੱਖਣ ਲਈ।

ਉਸ ਦੇ ਸਰੂਪ ਉੱਤੇ ਸਿਰਜੇ ਗਏ, ਅਸੀਂ ਧਰਤੀ ਉੱਤੇ ਉਸ ਦੀ ਮਹਿਮਾ ਦਾ ਪ੍ਰਤੱਖ ਪਰਗਟਾਵਾ ਅਤੇ ਪ੍ਰਗਟੀਕਰਣ ਬਣਨਾ ਹੈ।

ਸਾਡਾ ਇੱਥੇ ਹੋਣ ਦਾ ਮਕਸਦ, ਕਾਰਨ ਸਾਡੇ ਪਿਤਾ ਅਤੇ ਮੁਕਤੀਦਾਤਾ ਯਿਸੂ ਮਸੀਹ ਨੂੰ ਮਹਿਮਾ ਅਤੇ ਆਦਰ ਦੇਣਾ ਹੈ।

ਯਸਾਯਾਹ 43:7 ਜਿਹ ਨੂੰ **ਮੈਂ ਸਾਜਿਆ**, ਹਾਂ, ਜਿਹ ਨੂੰ **ਮੈਂ ਬਣਾਇਆ**।

ਤੁਹਾਡਾ ਜਨਮ – ਤੁਹਾਡਾ ਇੱਥੇ ਹੋਣਾ – ਕੋਈ ਇਤਫ਼ਾਕ ਨਹੀਂ ਹੈ

ਯਸਾਯਾਹ 44:24 ਯਹੋਵਾਹ ਤੇਰਾ ਛੁਡਾਉਣ ਵਾਲਾ, **ਤੇਰਾ ਕੁੱਖ ਤੋਂ ਸਾਜਣਹਾਰ** ਇਉਂ ਆਖਦਾ ਹੈ . . .

ਯਿਰਮਿਯਾਹ 1:5 ਏਹ ਤੋਂ ਪਹਿਲਾਂ ਕਿ ਮੈਂ ਤੈਨੂੰ ਢਿੱਡ ਵਿੱਚ ਸਾਜਿਆ **ਮੈਂ ਤੈਨੂੰ ਜਾਣਦਾ ਸਾਂ**, ਏਹ ਤੋਂ ਪਹਿਲਾਂ ਕਿ ਤੂੰ ਕੁੱਖੋਂ ਨਿੱਕਲਿਆ **ਮੈਂ ਤੈਨੂੰ ਵੱਖਰਾ ਕੀਤਾ**, ਮੈਂ **ਤੈਨੂੰ** ਕੌਮਾਂ ਲਈ ਨਬੀ **ਮਿਥਿਆ**।

ਜੋ ਉਸ ਨੇ ਯਿਰਮਿਯਾਹ ਨੂੰ ਆਖਿਆ ਉਹ ਤੁਹਾਡੇ ਲਈ ਵੀ ਸੱਚ ਹੈ "**ਇੱਕ ਨਬੀ**" ਤੱਕ, ਜਿਵੇਂ ਉਸ ਨੇ ਤੁਹਾਡੇ ਲਈ ਇੱਕ ਮਕਸਦ ਅਤੇ ਸੇਵਕਾਈ ਦਾ ਤੋਹਫ਼ਾ **ਮਿਥਿਆ** ਹੈ, ਇਹ ਇੱਕ ਨਬੀ ਹੋ ਸਕਦਾ ਹੈ, ਇੱਕ ਖੁਸ਼ਖਬਰੀ ਦਾ ਪ੍ਰਚਾਰਕ ਹੋ ਸਕਦਾ ਹੈ, ਸਿੱਖਿਆ ਦੇਣ ਵਾਲਾ, ਸੇਵਕ, ਜਾਂ ਹੋਰ ਤੋਹਫ਼ਾ। ਵੇਖੋ ਰੋਮੀਆਂ 12:6-8

ਅਫਸੀਆਂ 1:4-6 ਜਿਵੇਂ ਉਹ ਨੇ **ਸਾਨੂੰ** ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ** ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ **ਪਵਿੱਤਰ** ਅਤੇ **ਨਿਰਮਲ** ਹੋਈਏ। ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ **ਪੁੱਤਰ** ਹੋਣ ਨੂੰ **ਅੱਗੋਂ ਹੀ ਠਹਿਰਾਇਆ**।

## ਤੁਸੀਂ ਪਰਮੇਸ਼ੁਰ ਦੀ ਮਹਿਮਾ ਲਈ ਸਿਰਜੇ ਗਏ।

## "ਇਹ ਪਰਮੇਸ਼ੁਰ ਦੀ ਮਹਿਮਾ ਦਾ ਮਾਮਲਾ ਹੈ!"

ਇਹ ਆਦਮ ਅਤੇ ਹੱਵਾਹ ਤੋਂ ਸ਼ੁਰੂ ਹੋਇਆ। ਹਾਲਾਂਕਿ ਇੱਕ ਵੱਡੀ ਸਮੱਸਿਆ ਸੀ:

ਰੋਮੀਆਂ 5:12 ਇਸ ਲਈ ਜਿਵੇਂ ਇੱਕ ਮਨੁੱਖ ਤੋਂ **ਪਾਪ** ਸੰਸਾਰ ਵਿੱਚ ਆਇਆ ਅਤੇ ਪਾਪ ਤੋਂ **ਮੌਤ** ਆਈ ਅਤੇ ਇਸੇ ਤਰਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ **ਸਭਨਾਂ ਨੇ ਪਾਪ ਕੀਤਾ**। (3:23) ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ **ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ।**

ਹਾਲਾਂਕਿ, ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਦੇ ਕੋਲ ਉੱਤਰ ਹੈ

ਰੋਮੀਆਂ 9:23 ਤਾਂ ਜੋ **ਦਯਾ** ਦੇ ਭਾਂਡਿਆਂ ਉੱਤੇ ਜਿਨ੍ਹਾਂ ਨੂੰ **ਉਹ ਨੇ ਅੱਗਿਓਂ ਪਰਤਾਪ ਦੇ ਲਈ ਤਿਆਰ ਕੀਤਾ ਸੀ ਆਪਣੇ ਪਰਤਾਪ ਦਾ ਧਨ** ਪਰਗਟ ਕਰੇ।

ਅਫਸੀਆਂ 1:11 . . .**ਉਹ ਦੀ ਧਾਰਨਾ** ਮੂਜਬ **ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ** ਅਧਕਾਰ ਬਣ ਗਏ। 12 . . . **ਉਹ ਦੀ ਮਹਿਮਾ ਦੀ ਉਸਤਤ ਹੋਈਏ।**

ਅਤੇ ਉਸ ਨੂੰ ਪੂਰਾ ਕਰਨਾ, "ਉਸ ਦੇ ਮਕਸਦ" ਨੂੰ ਪੂਰਾ ਕਰਨਾ

**ਪਿਤਾ ਨੇ ਪੁੱਤਰ ਨੂੰ ਘੱਲਿਆ ਭਈ ਉਹ ਸੰਸਾਰ ਦਾ ਮੁਕਤੀ ਦਾਤਾ ਹੋਵੇ।**
1 ਯੂਹੰਨਾ 4:14

ਉਹ ਨੇ **ਉਸ ਨੂੰ ਜਿਹਨਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ** ਤਾਂ ਜੋ **ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।** 2 ਕੁਰਿੰਥੀਆਂ 5:21

ਅਤੇ ਇੱਕ ਵਾਰ ਉਸ ਦਾ ਪਿਆਰ ਅਤੇ ਜੋ ਕੁਝ ਉਸ ਨੇ ਸਾਡੇ ਲਈ ਕੀਤਾ ਅਤੇ ਪੂਰਾ ਕੀਤਾ, ਸਾਡੇ ਦਿਲ ਦੀ ਗਹਿਰਾਈ ਵਿੱਚ ਬੈਠ ਜਾਂਦਾ ਹੈ . . .

. . . ਅਸੀਂ ਇਸ ਲਈ ਮਜ਼ਬੂਰ ਹੋ ਜਾਂਦੇ ਹਾਂ . . .

## **ਇਸ ਤਰ੍ਹਾਂ ਦਾ ਜੀਵਨ ਗੁਜ਼ਾਰੋ ਜੋ ਪਰਮੇਸ਼ੁਰ ਨੂੰ ਮਹਿਮਾ ਦਿੰਦਾ ਹੈ।**

2 ਕੁਰਿੰਥੀਆਂ 5:14-15 0
**ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ** (ਕੀ ਕਰਦਾ ਹੈ?) ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ। ਅਤੇ ਉਹ ਸਭਨਾਂ ਦੇ ਲਈ ਮੋਇਆ (ਕਿਉਂ?) **ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ** ਜੀਉਣ ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ।

ਇਸ ਲਈ: 1 ਕੁਰਿੰਥੀਆਂ 10:31 **ਸੋ ਭਾਵੇਂ ਤੁਸੀਂ ਖਾਂਦੇ ਭਾਵੇਂ ਪੀਂਦੇ ਭਾਵੇਂ ਕੁਝ ਹੀ ਕਰਦੇ ਹੋ ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ।**

ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੀ ਮਹਿਮਾ ਦੇਖੀ ਗਈ ਸੀ ਅਤੇ ਲੋਕ ਉਸ ਦੇ ਵੱਲ ਖਿੱਚੇ ਗਏ ਅਤੇ ਉਸ ਦੇ ਮਗਰ ਚੱਲੇ . . . . . . ਜਿਵੇਂ ਉਹ, ਤੁਹਾਨੂੰ ਅਤੇ ਮੈਨੂੰ ਵੀ ਚੱਲਣਾ ਚਾਹੀਦਾ ਹੈ।

ਯੂਹੰਨਾ 1:14 ਅਤੇ **ਸ਼ਬਦ** ਦੇਹ ਧਾਰੀ ਹੋਇਆ ਅਤੇ **ਕਿਰਪਾ ਅਤੇ ਸਚਿਆਈ ਨਾਲ ਭਰਪੂਰ** ਹੋ ਕੇ **ਸਾਡੇ ਵਿੱਚ ਵਾਸ ਕੀਤਾ** ਅਤੇ **ਅਸਾਂ ਉਸ ਦਾ ਤੇਜ** ਪਿਤਾ ਦੇ ਇਕਲੌਤੇ ਦੇ ਤੇਜ ਵਰਗਾ **ਡਿੱਠਾ**।

ਇਹੋ ਸਾਡੇ ਲਈ ਆਖਿਆ ਜਾਣਾ **ਚਾਹੀਦਾ ਹੈ** !

ਜਦੋਂ ਅਸੀਂ "ਲੋਕਾਂ ਦੇ ਵਿਚਕਾਰ ਰਹਿੰਦੇ ਹਾਂ" **ਸ਼ਬਦ** ਦੇਹਧਾਰੀ ਹੋਣਾ ਚਾਹੀਦਾ ਹੈ ਤਾਂ ਕਿ ਉਹ **ਉਸ ਦੀ ਮਹਿਮਾ ਨੂੰ ਵੇਖ** ਸਕਣ ਜਦੋਂ ਅਸੀਂ **ਕਿਰਪਾ ਅਤੇ ਸੱਚਾਈ ਨਾਲ ਭਰਪੂਰ** ਜੀਵਨ ਗੁਜ਼ਾਰਦੇ ਹਾਂ।

ਇਸ ਲਈ, ਸਾਡੇ ਵਿੱਚ ਕਿਵੇਂ **"ਸ਼ਬਦ ਦੇਹਧਾਰੀ"** ਹੁੰਦਾ ਹੈ?

ਕੁਲੁੱਸੀਆਂ 1:27 ਜਿਨ੍ਹਾਂ ਨੂੰ ਪਰਮੇਸ਼ੁਰ ਨੇ **ਮਹਿਰਮ ਕਰਨਾ** ਚਾਹਿਆ ਭਈ ਪਰਾਈਆਂ ਕੌਮਾਂ ਵਿੱਚ ਇਸ ਭੇਤ ਦੇ **ਧਨ ਦਾ ਪਰਤਾਪ** ਕੀ ਹੈ, ਸੋ ਏਹ **ਮਸੀਹ ਤੁਹਾਡੇ ਵਿੱਚ ਚ** ਹੈ।

- **ਮਸੀਹ ਤੁਹਾਡੇ ਵਿੱਚ: "ਸ਼ਬਦ" ਸਾਡੇ ਵਿੱਚ** ਹੈ, ਪਵਿੱਤਰ ਆਤਮਾ ਦੇ ਵਿਅਕਤੀਤਵ ਵਿੱਚ . . . ਜਦੋਂ ਅਸੀਂ ਨਵਾਂ ਜਨਮ ਪਾਉਂਦੇ ਹਾਂ।

- **ਮਸੀਹ ਤੁਹਾਡੇ ਵਿੱਚ** – ਪੂਰੀ ਦਲੇਰੀ ਨਾਲ ਆਸ ਲਈ **ਉਮੀਦ**, ਜਾਣਦੇ ਹੋਏ ਅੱਗੇ ਵੇਖਣ ਲਈ। ਕਿਉਂਕਿ:

ਰੋਮੀਆਂ 8:30 ਅਤੇ **ਜਿਨ੍ਹਾਂ ਨੂੰ ਉਹ ਨੇ ਅੱਗਿਓਂ ਠਹਿਰਾਇਆ** (AAI) ਉਸ ਨੇ ਓਹਨਾਂ ਨੂੰ **ਸੱਦਿਆ** ਭੀ (AAI) ਅਤੇ ਜਿਨ੍ਹਾਂ ਨੂੰ ਉਸ ਨੇ ਸੱਦਿਆ ਓਹਨਾਂ ਨੂੰ **ਧਰਮੀ ਭੀ ਠਹਿਰਾਇਆ** (AAI) ਅਤੇ ਜਿਨ੍ਹਾਂ ਨੂੰ ਉਸ ਨੇ ਧਰਮੀ ਠਹਿਰਾਇਆ ਓਹਨਾਂ ਨੂੰ **ਵਡਿਆਈ ਭੀ ਦਿੱਤੀ।** (AAI)

---

ਅਨਿਸ਼ਚਿਤ ਕਾਲ: ਇੱਕ ਕੰਮ ਜੋ ਹੋਇਆ ਸੀ ਅਤੇ ਭੂਤਕਾਲ ਵਿੱਚ ਇੱਕ ਸਮੇਂ ਉੱਤੇ ਪੂਰਾ ਹੋ ਗਿਆ ਸੀ।
ਐਕਟਿਵ ਵਾਇਸ: ਕਰਤਾ ਕੰਮ ਨੂੰ ਕਰਦਾ ਹੈ – ਸਰਬ ਸ਼ਕਤੀਮਾਨ ਪ੍ਰਭੂ ਪਰਮੇਸ਼ੁਰ
ਸੂਚਕ ਮੂਡ: ਕੰਮ ਜਾਂ ਸਤਰ ਨਿਸ਼ਚਿਤ ਦੇ ਰੂਪ ਵਿੱਚ ਪਰਗਟ ਕੀਤਾ ਗਿਆ ਜਾਂ ਜਾਣਿਆ ਗਿਆ, ਇੱਕ ਤੱਥ।

---

- ਸਦੀਪਕ ਨਜ਼ਰੀਏ ਤੋਂ - ਸਾਨੂੰ ਵਡਿਆਈ ਦਿੱਤੀ ਗਈ ਹੈ – ਇਹ ਹੋ ਚੁੱਕਾ ਹੈ, ਪੂਰਾ ਹੋਇਆ।

- ਪਰ ਸੰਸਾਰਿਕ ਨਜ਼ਰੀਏ ਤੋਂ
  ਸਾਨੂੰ **ਮਹਿਮਾ ਤੋਂ ਮਹਿਮਾ** ਤੀਕ ਬਦਲਿਆ ਜਾ ਰਿਹਾ ਹੈ।

2 ਕੁਰਿੰਥੀਆਂ 3:18
ਪਰ ਅਸੀਂ ਸਭ ਅਣਕੱਜੇ ਮੁਖ ਨਾਲ **ਪ੍ਰਭੂ ਦੇ ਤੇਜ** ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤਿਬਿੰਬ ਵੇਖਦੇ ਹੋਏ **ਤੇਜ ਤੋਂ ਤੇਜ** ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ **ਉਸੇ ਰੂਪ** ਵਿੱਚ **ਬਦਲਦੇ ਜਾਂਦੇ** ਹਾਂ।

- **ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤਿਬਿੰਬ ਵੇਖਦੇ ਹੋਏ**

**ਸ਼ੀਸ਼ਾ ਇਹ ਹੈ**: ਤਾਰਾ ਮੰਡਲ ਅਤੇ ਇਸ ਧਰਤੀ ਅਤੇ ਸਭ ਜੋ ਇਸ ਵਿੱਚ ਹੈ ਅਤੇ ਖਾਸ ਕਰਕੇ **ਲੋਕਾਂ** ਦੀ ਉਸ ਦੀ ਪ੍ਰਤੱਖ ਅਤੇ ਅਦਭੁਤ ਰਚਨਾ, ਉਸ ਦੇ ਸਰੂਪ ਉੱਤੇ ਬਣਾਈ ਗਈ ਹੈ।

*ਇੱਕ ਕਵਿਤਾ: ਏਲੀਜ਼ਾਬੇਥ ਬਰੇਟ ਬ੍ਰੋਨਿੰਗ ਦੁਆਰਾ*

*ਸਾਰੀ ਧਰਤੀ ਉਸ ਦੀ ਮਹਿਮਾ ਨਾਲ ਭਰੀ ਹੋਈ ਹੈ।*
*ਅਤੇ ਹਰੇਕ ਝਾੜੀ ਪਰਮੇਸ਼ੁਰ ਦੇ ਨਾਲ ਬਲਦੀ ਹੈ।*
*ਪਰ ਕੇਵਲ ਜਿਸ ਦੀਆਂ ਵੇਖਣ ਦੀਆਂ ਅੱਖਾਂ ਹਨ ਉਹ ਆਪਣੀ ਜੁੱਤੀ ਲਾਹੁੰਦਾ ਹੈ।*
*ਬਾਕੀ ਦੁਆਲੇ ਬੈਠ ਕੇ ਬੇਰ ਖਾਂਦੇ ਹਨ।*

ਅਤੇ ਸਭ ਤੋਂ ਸਾਫ਼ ਸ਼ੀਸ਼ਾ ਇਹ ਹੈ:

> **ਪਰਮੇਸ਼ੁਰ ਦਾ ਬਚਨ** – ਲਿਖਤ ਬਚਨ (ਲੋਗੋਸ) ਅਤੇ ਉਸ ਦਾ ਬੋਲਿਆ ਗਿਆ ਬਚਨ (ਰੇਹਮਾ) ਜੋ ਪ੍ਰਾਰਥਨਾ, ਸੰਗਤੀ ਅਤੇ ਉਸ ਨਾਲ ਨੇੜਤਾ ਦੇ ਨਾਲ ਆਉਂਦਾ ਹੈ।

ਜਿੰਨਾ ਜ਼ਿਆਦਾ ਅਸੀਂ ਆਪਣੇ ਆਪ ਨੂੰ (1) ਬਚਨ ਦਾ ਅਧਿਐਨ ਕਰਨ ਅਤੇ ਇਸ ਉੱਤੇ ਮਣਨ ਕਰਨ ਅਤੇ (2) ਪ੍ਰਾਰਥਨਾ, ਸੰਗਤੀ ਅਤੇ ਉਸ ਨਾਲ ਨੇੜਤਾ ਲਈ ਦਿੰਦੇ ਹਾਂ ਅਸੀਂ ਓਨੇ ਜ਼ਿਆਦਾ **ਮਹਿਮਾ ਤੋਂ ਮਹਿਮਾ** ਤੀਕ **ਉਸੇ ਰੂਪ** ਵਿੱਚ **ਬਦਲਦੇ ਜਾਂਦੇ ਹਾਂ**

- ਇਹ ਇੱਕ **ਚੱਲਦੀ ਰਹਿਣ ਵਾਲੀ ਲਗਾਤਾਰ ਪ੍ਰਕਿਰਿਆ** ਹੈ, "**ਬਦਲਦੇ ਜਾਂਦੇ ਹਾਂ**"

- ਅਤੇ ਇਸ ਬਦਲਾਓ ਨੂੰ ਇਹ ਕਿਹਾ ਜਾਂਦਾ ਹੈ: **ਪਵਿੱਤਰੀਕਰਣ**

- ਇਹ ਯੂਨਾਨੀ ਸ਼ਬਦ "hagiazo" ਹੈ – ਪਵਿੱਤਰ ਕਰਨਾ, ਸ਼ੁੱਧ ਕਰਨਾ, ਜਾਂ ਵੱਖ ਕਰਨਾ

ਇਸ ਦੇ ਦੋ ਪਹਿਲੂ ਹਨ:

1. ਅਸੀਂ ਯਿਸੂ ਦੇ ਲਹੂ ਦੁਆਰਾ **ਪਵਿੱਤਰ ਕੀਤੇ ਗਏ ਹਾਂ** ਅਤੇ **ਕੀਤੇ ਜਾਂਦੇ ਹਾਂ**। ਜਿਵੇਂ ਸਾਨੂੰ "**ਵਡਿਆਈ ਦਿੱਤੀ ਗਈ ਹੈ**" (ਰੋਮੀਆਂ 8:30)

ਇੱਕ ਖਤਮ ਕੀਤਾ ਹੋਇਆ, ਪੂਰਾ ਕੰਮ। ਸਦੀਪਕ ਨਜ਼ਰੀਆ

ਰਸੂਲਾਂ ਦੇ ਕਰਤੱਬ 26:18 . . ਜੋ ਮੇਰੇ ਉੱਤੇ ਨਿਹਚਾ ਕਰ ਕੇ **ਪਵਿੱਤਰ ਹੋਏ ਹਨ**

1 ਕੁਰਿੰਥੀਆਂ 1:2 ਜਿਹੜੇ ਮਸੀਹ ਯਿਸੂ ਵਿੱਚ **ਪਵਿੱਤਰ ਕੀਤੇ ਹੋਏ** ਅਤੇ **ਸੰਤ** ਹੋਣ ਲਈ ਸੱਦੇ ਹੋਏ ਹਨ

1 ਕੁਰਿੰਥੀਆਂ 6:11 ਅਤੇ ਤੁਹਾਡੇ ਵਿੱਚੋਂ ਕਈਕੁ ਏਹੋ ਜੇਹੇ ਸਨ ਪਰ ਪ੍ਰਭੁ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਰ **ਤੁਸੀਂ ਪਵਿੱਤਰ ਕੀਤੇ ਗਏ** ਅਰ ਤੁਸੀਂ **ਧਰਮੀ ਠਹਿਰਾਏ ਗਏ**। ਜਦੋਂ ਉਨ੍ਹਾਂ ਦਾ ਨਵਾਂ ਜਨਮ ਹੋਇਆ

2. ਅਸੀਂ ਸਾਡੇ ਵਿੱਚ ਮਸੀਹ ਦੇ ਜੀਵਨ ਦੁਆਰਾ **ਵੀ ਪਵਿੱਤਰ ਕੀਤੇ ਜਾ ਰਹੇ ਹਾਂ**।
ਇੱਕ ਚੱਲਦਾ ਹੋਇਆ ਵਧਦਾ ਕੰਮ।

ਕੁਲੁੱਸੀਆਂ 1:27 ਜਿਨ੍ਹਾਂ ਨੂੰ ਪਰਮੇਸ਼ੁਰ ਨੇ **ਮਹਿਰਮ ਕਰਨਾ** ਚਾਹਿਆ ਭਈ ਪਰਾਈਆਂ ਕੌਮਾਂ ਵਿੱਚ ਇਸ ਭੇਤ ਦੇ **ਧਨ ਦਾ ਪਰਤਾਪ** ਕੀ ਹੈ, ਸੋ ਏਹ **ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ** ਹੈ।

ਇਹ **ਤੁਹਾਡੇ ਵਿੱਚ ਮਸੀਹ** ਦੀ **ਮਹਿਮਾ** ਹੈ ਜਿਸ ਨੂੰ ਅਸੀਂ ਆਪਣੇ ਜੀਵਨ ਵਿੱਚ ਵਿਖਾਉਣਾ ਹੈ। ਅਤੇ ਜੇ ਮਸੀਹ ਸਾਡੇ ਵਿੱਚ ਹੈ - ਅਸੀਂ ਇੱਕ ਪਵਿੱਤਰ ਅਤੇ ਸ਼ੁੱਧ ਜੀਵਨ ਗੁਜ਼ਾਰ ਸਕਦੇ ਹਾਂ, **ਜੇਕਰ** ਅਸੀਂ ਇਹ ਚਾਹੁੰਦੇ ਹਾਂ - **ਜੇਕਰ** ਇਹ ਸਾਡੇ ਮਨ ਦੀ ਇੱਛਾ ਹੈ, ਸਾਡੀ ਤਰਜੀਹ ਹੈ, ਸਾਡਾ ਜਨੂੰਨ ਹੈ।

ਫਿਲਿੱਪੀਆਂ 4:13 **ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ।**

ਇਬਰਾਨੀਆਂ 10:14 ਕਿਉਂ ਜੋ ਉਹ ਨੇ ਇੱਕੋ ਭੇਟ ਨਾਲ ਉਨ੍ਹਾਂ ਨੂੰ ਜਿਹੜੇ **ਪਵਿੱਤਰ ਕੀਤੇ ਜਾਂਦੇ ਹਨ ਸਦਾ ਲਈ ਸੰਪੂਰਨ ਕੀਤਾ ਹੈ**। ਜਾਂ: ਉਹ ਜਿਹੜੇ **ਪਵਿੱਤਰ ਕੀਤੇ ਜਾਂਦੇ ਹਨ**।

- **ਸਦਾ ਲਈ ਸੰਪੂਰਨ ਕੀਤਾ ਹੈ** ਯਿਸੂ ਦੇ ਲਹੂ ਦੁਆਰਾ - ਇੱਕ **ਪੂਰਾ ਕੀਤਾ ਕੰਮ**।
  ਅਤੇ, **ਪਵਿੱਤਰ ਕੀਤੇ ਜਾਂਦੇ ਹਨ ਚੱਲਦੀ ਪ੍ਰਕਿਰਿਆ।**

1 ਪਤਰਸ 1:14-15 ਅਤੇ **ਆਗਿਆਕਾਰ** ਬੱਚਿਆਂ ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ **ਸਰੂਪ ਜੇਹੇ ਨਾ ਬਣੋ**। ਸਗੋਂ **ਜਿਵੇਂ** ਤੁਹਾਡਾ ਸੱਦਣ ਵਾਲਾ **ਪਵਿੱਤਰ ਹੈ** ਤੁਸੀਂ ਆਪ ਭੀ ਤਿਵੇਂ ਹੀ **ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ** (hagioi)।

- **ਆਗਿਆਕਾਰ** ਬੱਚਿਆਂ ਵਾਂਙ - ਅਸੀਂ ਜਾਂ ਆਗਿਆਕਾਰੀ ਬੱਚੇ ਹਾਂ ਜਾਂ ਅਣ-ਆਗਿਆਕਾਰੀ ਬੱਚੇ ਹਾਂ। ਅਣ-ਆਗਿਆਕਾਰੀ ਬੱਚਿਆਂ ਨੂੰ ਉਨ੍ਹਾਂ ਦੇ ਪਿਤਾ ਦੁਆਰਾ ਅਨੁਸ਼ਾਸ਼ਿਤ ਕੀਤਾ ਜਾਂਦਾ ਹੈ।

- **ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ ਨਾ ਬਣੋ - ਇਹ ਮਸਲਾ ਹੈ। ਯੁੱਧ: ਬਾਕੀ ਰਹਿੰਦਾ ਸਰੂਪ . . . ਜਾਂ ਬਦਲਦੇ ਜਾਂਦੇ।**

ਬਦਲਾਓ ਦੇ ਲਈ ਪ੍ਰੇਰਣਾ ਯਿਸੂ ਮਸੀਹ ਲਈ ਸਾਡਾ ਪਿਆਰ ਹੈ।
ਇਹ ਇਸ ਦਾ ਮਸਲਾ ਹੈ ਕਿ ਕਿਸ ਨੂੰ ਜਾਂ ਕਿਸ ਚੀਜ਼ ਨੂੰ ਤੁਸੀਂ ਜ਼ਿਆਦਾ ਪਿਆਰ ਕਰਦੇ ਹੋ।

2 ਕੁਰਿੰਥੀਆਂ 7:1 ਸੋ ਹੇ ਪਿਆਰਿਓ, ਜਦੋਂ ਏਹ ਬਚਨ ਸਾਨੂੰ ਦਿੱਤੇ ਹੋਏ ਹਨ ਤਾਂ ਆਓ, ਅਸੀਂ **ਆਪਣੇ ਆਪ ਨੂੰ** ਸਰੀਰ ਅਤੇ ਆਤਮਾ ਦੀ ਸਾਰੀ ਮਲੀਨਤਾਈ ਤੋਂ **ਸ਼ੁੱਧ ਕਰਕੇ ਪਰਮੇਸ਼ੁਰ ਦੇ ਭੌ** ਨਾਲ **ਪਵਿੱਤਰਤਾਈ ਨੂੰ ਸੰਪੂਰਨ** ਕਰੀਏ।

- ਕਿਉਂਕਿ:

ਇਬਰਾਨੀਆਂ 12:10-11 **ਓਹ ਤਾਂ ਥੋੜੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ ਪਰ ਇਹ ਲਾਭ ਦੇ ਲਈ ਕਰਦਾ ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿੱਚ ਸਾਂਝੀ ਹੋਈਏ।**

2 ਤਿਮੋਥਿਉਸ 2:21 ਸੋ ਜੇ ਕੋਈ **ਆਪਣੇ ਆਪ ਨੂੰ** ਇਨ੍ਹਾਂ ਤੋਂ **ਸ਼ੁੱਧ ਕਰੇ** ਤਾਂ ਉਹ ਆਦਰ ਦੇ ਕੰਮ ਲਈ **ਪਵਿੱਤਰ ਕੀਤਾ ਹੋਇਆ** ਮਾਲਿਕ ਦੇ ਵਰਤਣ ਜੋਗ ਅਤੇ ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ ਭਾਂਡਾ ਹੋਵੇਗਾ।

1 ਥੱਸਲੁਨੀਕੀਆਂ 4:3-5 **ਪਰਮੇਸ਼ੁਰ ਦੀ ਇੱਛਿਆ** ਤੁਹਾਡੀ **ਪਵਿੱਤਰਤਾਈ ਦੀ ਹੈ** ਭਈ ਤੁਸੀਂ ਹਰਾਮਕਾਰੀ ਤੋਂ ਬਚੇ ਰਹੋ। ਅਤੇ ਤੁਹਾਡੇ ਵਿੱਚੋਂ ਹਰ ਕੋਈ ਆਪਣੇ ਲਈ ਇਸਤਰੀ ਨੂੰ **ਪਵਿੱਤਰਤਾਈ** ਅਤੇ **ਪਤ** ਨਾਲ ਪਰਾਪਤ ਕਰਨਾ ਜਾਣੇ। ਨਾ ਕਾਮ ਦੀ ਵਾਸ਼ਨਾ ਨਾਲ ਪਰਾਈਆਂ ਕੌਮਾਂ ਵਾਂਙੁ ਜਿਨ੍ਹਾਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ।

1 ਯੂਹੰਨਾ 3:2-3 ਹੇ ਪਿਆਰਿਓ, **ਅਸੀਂ ਹੁਣ ਪਰਮੇਸ਼ੁਰ ਦੇ ਬਾਲਕ ਹਾਂ** ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ! ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ **ਅਸੀਂ ਉਹ ਦੇ ਵਰਗੇ ਹੋਵਾਂਗੇ** ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ। ਅਤੇ **ਹਰ ਕੋਈ** ਜਿਹੜਾ ਓਸ ਉੱਤੇ ਇਹ **ਆਸ** ਰੱਖਦਾ ਹੈ **ਆਪਣੇ ਆਪ ਨੂੰ ਪਵਿੱਤਰ ਕਰਦਾ ਹੈ ਜਿਵੇਂ ਉਹ ਪਵਿੱਤਰ ਹੈ।**

ਰੋਮੀਆਂ 6:19 . . . ਸੋ ਜਿਵੇਂ ਤੁਸਾਂ ਆਪਣੇ ਅੰਗ ਗੰਦ ਮੰਦ ਅਤੇ ਕੁਧਰਮ ਸਗੋਂ ਅੱਤ ਕੁਧਰਮ ਦੀ ਗੁਲਾਮੀ ਵਿੱਚ ਸੌਂਪ ਦਿੱਤੇ ਤਿਵੇਂ ਹੁਣ ਆਪਣੇ ਅੰਗ **ਧਰਮ** ਦੀ **ਗੁਲਾਮੀ** ਵਿਚ **ਪਵਿੱਤਰ** ਹੋਣ ਲਈ **ਸੌਂਪ ਦਿਓ**। (ਤੁਲਨਾ ਕਰੋ ਲੂਕਾ 6:46)

1 ਥੱਸਲੁਨੀਕੀਆਂ 2:12 **ਜੋ ਤੁਸੀਂ ਪਰਮੇਸ਼ੁਰ ਦੇ ਜੋਗ ਚਾਲ ਚੱਲੋ** ਜਿਹੜਾ **ਤੁਹਾਨੂੰ ਆਪਣੇ ਰਾਜ ਅਤੇ ਤੇਜ ਵਿੱਚ ਸੱਦਦਾ ਹੈ।**

2 ਥੱਸਲੁਨੀਕੀਆਂ 2:14 **ਜਿਹ ਦੇ ਲਈ** ਉਸ ਨੇ ਤੁਹਾਨੂੰ ਸਾਡੀ ਖੁਸ਼ ਖਬਰੀ ਦੇ ਰਾਹੀਂ ਸੱਦਿਆ **ਭਈ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਪਰਾਪਤ ਹੋਵੇ।**

1 ਪਤਰਸ 2:12 ਅਤੇ ਪਰਾਈਆਂ ਕੌਮਾਂ ਵਿੱਚ ਆਪਣੀ ਚਾਲ **ਨੇਕ** ਰੱਖੋ ਭਈ ਜਿਸ ਗੱਲ ਵਿੱਚ ਓਹ ਤੁਹਾਨੂੰ ਬੁਰਿਆਰ ਜਾਣ ਕੇ ਤੁਹਾਡੇ ਵਿਰੁੱਧ ਬੋਲਦੇ ਹਨ ਓਹ ਤੁਹਾਡੇ **ਸ਼ੁਭ ਕਰਮਾਂ** ਦੇ ਕਾਰਨ ਜਿਹੜੇ ਵੇਖਦੇ ਹਨ ਓਸ ਦਿਨ ਜਦ ਉਨ੍ਹਾਂ ਉੱਤੇ ਦਯਾ ਦਰਿਸ਼ਟੀ ਹੋਵੇ **ਪਰਮੇਸ਼ੁਰ ਦੀ ਵਡਿਆਈ ਕਰਨ**। ਤਾਂ ਕਿ . . .

ਅਫਸੀਆਂ 5:27 ਅਤੇ ਉਹ ਉਸ ਨੂੰ **ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸਿਯਾ ਤਿਆਰ ਕਰੇ** ਜਿਹ ਦੇ ਵਿੱਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ **ਪਵਿੱਤਰ ਅਤੇ ਨਿਰਮਲ** ਹੋਵੇ।

ਸਾਡਾ ਟੀਚਾ ਇਹ ਹੈ – ਸਾਡੇ ਪ੍ਰਭੂ ਯਿਸੂ ਲਈ ਇੱਕ ਵਫ਼ਾਦਾਰ ਲਾੜੀ ਬਣਨਾ।

ਜਿਨ੍ਹਾਂ ਨੂੰ ਪਰਮੇਸ਼ੁਰ ਨੇ **ਮਹਿਰਮ ਕਰਨਾ** ਚਾਹਿਆ ਭਈ ਪਰਾਈਆਂ ਕੌਮਾਂ ਵਿੱਚ ਇਸ ਭੇਤ ਦੇ **ਧਨ ਦਾ ਪਰਤਾਪ** ਕੀ ਹੈ, ਸੋ ਏਹ **ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ** ਹੈ। ਕੁਲੁੱਸੀਆਂ 1:27

ਇਹ **ਤੁਹਾਡੇ ਵਿੱਚ ਮਸੀਹ** ਦੀ **ਮਹਿਮਾ** ਹੈ ਜਿਸ ਨੂੰ ਤੁਸੀਂ ਆਪਣੇ ਜੀਵਨ ਵਿੱਚ ਪਰਗਟ ਕਰਨਾ ਹੈ ਅਤੇ ਜਿਸ ਲਈ ਤੁਸੀਂ ਰਹਿਣਾ ਹੈ।

ਅਤੇ ਜੇ ਮਸੀਹ ਸਾਡੇ ਵਿੱਚ ਹੈ – ਅਸੀਂ ਇੱਕ ਪਵਿੱਤਰ ਅਤੇ ਸ਼ੁੱਧ ਜੀਵਨ ਗੁਜ਼ਾਰ ਸਕਦੇ ਹਾਂ, ਸਾਡੇ ਪ੍ਰਭੂ ਯਿਸੂ ਮਸੀਹ ਅਤੇ ਸਾਡੇ ਪਿਤਾ ਪਰਮੇਸ਼ੁਰ ਨੂੰ ਮਹਿਮਾ ਅਤੇ ਆਦਰ ਦੇ ਸਕਦੇ ਹਾਂ।

## "ਇਹ **ਪਰਮੇਸ਼ੁਰ ਦੀ ਮਹਿਮਾ** ਦਾ ਮਾਮਲਾ ਹੈ!"

ਜਿਵੇਂ **ਉਹ ਨੇ ਸਾਨੂੰ** ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ ਭਈ ਅਸੀਂ** ਉਹ ਦੇ ਸਨਮੁਖ ਪ੍ਰੇਮ ਵਿੱਚ **ਪਵਿੱਤਰ** ਅਤੇ **ਨਿਰਮਲ ਹੋਈਏ।** ਅਫਸੀਆਂ 1:4

ਅਸੀਂ ਇਸ ਦੇ ਲਈ ਬਣਾਏ ਗਏ ਹਾਂ ਅਸੀਂ ਉਸ ਦੀ ਮਹਿਮਾ ਲਈ ਬਣਾਏ ਗਏ ਹਾਂ

ਭਈ ਅਸੀਂ . . . **ਉਹ ਦੀ ਮਹਿਮਾ ਦੀ ਉਸਤਤ ਹੋਈਏ।** ਅਫਸੀਆਂ 1:12

ਅਸੀਂ "ਉਹ ਦੀ ਪੈੜ ਉੱਤੇ ਤੁਰਨ" ਦੁਆਰਾ ਪਰਮੇਸ਼ੁਰ ਨੂੰ ਮਹਿਮਾ ਅਤੇ ਆਦਰ ਦਿੰਦੇ ਹਾਂ
1 ਪਤਰਸ 2:21

ਆਪਣੀ ਸੇਵਕਾਈ ਦੇ ਅੰਤ ਵਿੱਚ, ਯਿਸੂ ਨੇ ਆਪਣੇ ਪਿਤਾ ਨੂੰ ਆਖਿਆ:

ਜਿਹੜਾ **ਕੰਮ** ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ **ਪੂਰਾ ਕਰਕੇ ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ।** ਯੂਹੰਨਾ 17:4

ਸਾਨੂੰ ਯੋਗ ਹੋਣ ਦੀ ਲੋੜ ਹੈ ਅਤੇ ਯੋਗ ਹੋਣਾ ਚਾਹੀਦਾ ਹੈ – ਇਹੋ ਆਖਣ ਲਈ।

ਅਸੀਂ ਸਾਡੇ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਉਹ ਕੰਮ ਕਰਨ ਦੇ ਦੁਆਰਾ ਕਰਦੇ ਹਾਂ ਜੋ ਉਸ ਨੇ ਸਾਨੂੰ ਕਰਨ ਲਈ ਦਿੱਤਾ ਹੈ।

ਯੂਹੰਨਾ 17:18 **ਜਿਸ ਤਰਾਂ ਤੈਂ ਮੈਨੂੰ ਜਗਤ ਵਿੱਚ ਘੱਲਿਆ ਮੈਂ ਵੀ ਓਹਨਾਂ ਨੂੰ ਜਗਤ ਵਿੱਚ ਘੱਲਿਆ।** 22 ਅਤੇ ਜਿਹੜੀ **ਵਡਿਆਈ** ਤੈਂ ਮੈਨੂੰ ਦਿੱਤੀ ਹੈ ਉਹ **ਮੈਂ ਓਹਨਾਂ ਨੂੰ ਦਿੱਤੀ ਹੈ** ਤਾਂ ਜੋ ਓਹ ਇੱਕੋ ਹੋਣ ਜਿਸ ਤਰਾਂ ਅਸੀਂ ਇੱਕੋ ਹਾਂ।

- **ਸਾਡੇ ਵਿੱਚ ਮਸੀਹ** ਹੋਣ 'ਤੇ ਲੋਕ ਇਹ ਮਹਿਮਾ ਵੇਖਦੇ ਹਨ।
- ਅਤੇ ਉਸ ਦੇ ਸਰੂਪ ਵਿੱਚ ਬਦਲਦੇ ਹੋਏ ਅਸੀਂ ਲੋਕਾਂ ਨੂੰ ਵੱਖ ਢੰਗ ਨਾਲ ਵੇਖਦੇ ਹਾਂ – ਅਸੀਂ ਲੋਕਾਂ ਦੀ ਕੀਮਤ ਨੂੰ ਵੇਖਦੇ ਹਾਂ।
- ਸਾਡੇ ਕੋਲ ਉਨ੍ਹਾਂ ਲਈ ਪਿਆਰ ਅਤੇ ਤਰਸ ਹੈ ਜੋ ਸਾਨੂੰ ਉਸੇ ਕੰਮ ਲਈ ਪ੍ਰੇਰਦਾ ਹੈ ਜੋ ਯਿਸੂ ਨੇ ਲੋਕਾਂ ਲਈ ਕੀਤਾ।

**ਯਿਸੂ** ਉਨ੍ਹਾਂ ਦੀਆਂ ਸਮਾਜਾਂ ਵਿੱਚ **ਉਪਦੇਸ਼ ਦਿੰਦਾ** ਅਤੇ ਰਾਜ ਦੀ **ਖ਼ੁਸ਼ ਖ਼ਬਰੀ ਦਾ ਪਰਚਾਰ ਕਰਦਾ** ਹੋਇਆ ਅਤੇ **ਸਾਰੇ ਰੋਗ** ਅਤੇ **ਸਾਰੀ ਮਾਂਦਗੀ ਦੂਰ ਕਰਦਾ ਹੋਇਆ** ਸਰਬੱਤ ਨਗਰਾਂ ਅਤੇ ਪਿੰਡਾਂ ਵਿੱਚ ਫਿਰਿਆ। ਅਤੇ ਜਾਂ ਉਹ ਨੇ **ਭੀੜਾਂ ਵੇਖੀਆਂ** ਤਾਂ ਉਸ ਨੂੰ **ਉਨ੍ਹਾਂ ਉੱਤੇ ਤਰਸ ਆਇਆ** ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਓਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ। ਮੱਤੀ 9:35-38

ਇਹੋ ਢੰਗ ਨਾਲ ਸਾਨੂੰ ਲੋਕਾਂ ਨੂੰ ਵੇਖਣਾ ਚਾਹੀਦਾ ਹੈ

ਅਗਲੀ ਆਇਤ ਆਖਦੀ ਹੈ:
ਮੱਤੀ 10:1 ਉਸ ਨੇ ਆਪਣੇ ਬਾਰਾਂ ਚੇਲਿਆਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ **ਇਖ਼ਤਿਆਰ** ਦਿੱਤਾ ਜੋ ਭ੍ਰਿਸ਼ਟ ਆਤਮਿਆਂ ਨੂੰ ਕੱਢਣ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ **ਦੂਰ ਕਰਨ**।

ਯਿਸੂ ਦੇ ਜੀਵਨ ਨੂੰ ਵੇਖਦੇ ਹੋਏ ਅਸੀਂ ਉਸ ਕੰਮ ਨੂੰ ਵੇਖਦੇ ਹਾਂ ਜੋ ਉਸ ਕੋਲ ਸਾਡੇ ਲਈ ਹੈ।
ਯੂਹੰਨਾ 2:11 ਇਹ **ਨਿਸ਼ਾਨਾਂ** ਦਾ **ਅਰੰਭ** ਸੀ ਜਿਹੜਾ ਯਿਸੂ ਨੇ ਗਲੀਲ ਦੇ ਕਾਨਾ ਵਿੱਚ ਵਿਖਾ ਕੇ (1) **ਆਪਣਾ ਤੇਜ** ਪਰਗਟ ਕੀਤਾ, ਅਰ (1) ਉਹ ਦੇ ਚੇਲਿਆਂ ਨੇ ਉਸ ਉੱਤੇ **ਨਿਹਚਾ ਕੀਤੀ**।

ਅਸੀਂ ਉਸ ਦੀ ਮਹਿਮਾ ਨੂੰ ਪਰਗਟ ਕਰਦੇ ਹੋਏ ਚਿੰਨ੍ਹਾਂ, ਚਮਤਕਾਰਾਂ ਅਤੇ ਅਦਭੁਤ ਕੰਮਾਂ ਵਾਲਾ ਅਲੌਕਿਕ ਜੀਵਨ ਗੁਜ਼ਾਰਨਾ ਹੈ ਤਾਂ ਜੋ ਦੂਸਰੇ ਵੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਉਸ ਨੂੰ ਦੇਣ।

ਯੂਹੰਨਾ 11:4 ਯਿਸੂ ਨੇ ਸੁਣ ਕੇ ਕਿਹਾ, ਇਹ ਬਿਮਾਰੀ ਮੌਤ ਦੀ ਨਹੀਂ ਸਗੋਂ **ਪਰਮੇਸ਼ੁਰ ਦੀ ਵਡਿਆਈ** ਦੇ ਨਿਮਿੱਤ ਹੈ ਜੋ **ਇਸ ਤੋਂ ਪਰਮੇਸ਼ੁਰ ਦੇ ਪੁੱਤਰ ਦੀ ਵਡਿਆਈ ਹੋਵੇ**।

ਯੂਹੰਨਾ 11:40 ਜੇ ਤੂੰ ਪਰਤੀਤ ਕਰੇਂ ਤਾਂ **ਪਰਮੇਸ਼ੁਰ ਦੀ ਵਡਿਆਈ** ਵੇਖੇਂਗੀ?

ਮੱਤੀ 5:16 ਇਸੇ ਤਰਾਂ **ਤੁਹਾਡਾ ਚਾਨਣ** (ਤੁਹਾਡੇ ਵਿੱਚ ਮਸੀਹ ਦੀ ਮਹਿਮਾ) ਮਨੁੱਖਾਂ ਦੇ ਸਾਹਮਣੇ **ਚਮਕੇ** ਤਾਂ ਜੋ ਓਹ ਤੁਹਾਡੇ ਸ਼ੁਭ ਕਰਮ **ਵੇਖ** ਕੇ **ਤੁਹਾਡੇ ਪਿਤਾ ਦੀ** ਜਿਹੜਾ ਸੁਰਗ ਵਿੱਚ ਹੈ **ਵਡਿਆਈ ਕਰਨ**।

ਯੂਹੰਨਾ 15:8 ਮੇਰੇ ਪਿਤਾ ਦੀ **ਵਡਿਆਈ ਇਸੇ ਤੋਂ ਹੁੰਦੀ ਹੈ** ਜੋ ਤੁਸੀਂ **ਬਹੁਤਾ ਫਲ ਦਿਓ** ਅਰ ਇਉਂ ਤੁਸੀਂ ਮੇਰੇ ਚੇਲੇ **ਹੋਵੋਗੇ**।
2 ਕੁਰਿੰਥੀਆਂ 9:13 ਕਿਉਂ ਜੋ ਤੁਹਾਡੀ **ਇਸ ਸੇਵਕਾਈ ਦਾ ਪਰਮਾਣ ਪਾ ਕੇ** ਓਹ ਇਸ ਲਈ **ਪਰਮੇਸ਼ੁਰ ਦੀ ਵਡਿਆਈ ਕਰਦੇ** ਹਨ ਭਈ ਤੁਸੀਂ ਮਸੀਹ ਦੀ ਖੁਸ਼ ਖਬਰੀ ਦੇ ਕਰਾਰ ਵਿੱਚ ਅਧੀਨ ਹੋ ਅਤੇ ਉਨ੍ਹਾਂ ਲਈ ਸਗੋਂ ਸਭਨਾਂ ਲਈ ਦਾਨ ਸਖਾਵਤ ਨਾਲ ਦਿੰਦੇ ਹੋ।

"ਇਹ **ਪਰਮੇਸ਼ੁਰ ਦੀ ਮਹਿਮਾ** ਦਾ ਮਸਲਾ ਹੈ"

**ਸੋ ਭਾਵੇਂ ਤੁਸੀਂ ਖਾਂਦੇ ਭਾਵੇਂ ਪੀਂਦੇ ਭਾਵੇਂ ਕੁਝ ਹੀ ਕਰਦੇ ਹੋ ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ।** 1 ਕੁਰਿੰਥੀਆਂ 10:31

## ਤੁਸੀਂ ਇਸ ਦੇ ਲਈ ਸਿਰਜੇ ਗਏ।

## ਤੁਸੀਂ ਪਰਮੇਸ਼ੁਰ ਦੀ ਮਹਿਮਾ ਦੇ ਲਈ ਸਿਰਜੇ ਗਏ।

1 ਕੁਰਿੰਥੀਆਂ 6:19-20

. . . **ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ** ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ **ਤੁਸੀਂ ਆਪਣੇ ਆਪ ਦੇ ਨਹੀਂ ਹੋ**? **ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ**।

"ਇਹ **ਪਰਮੇਸ਼ੁਰ ਦੀ ਮਹਿਮਾ** ਦਾ ਮਾਮਲਾ ਹੈ"

ਜ਼ਬੂਰ 72:18-19

ਮੁਬਾਰਕ ਹੋਵੇ ਯਹੋਵਾਹ ਪਰਮੇਸ਼ੁਰ, ਇਸਰਾਏਲ ਦਾ ਪਰਮੇਸ਼ੁਰ, ਉਹ ਇਕੱਲਾ ਹੀ ਅਚਰਜ ਦੇ ਕੰਮ ਕਰਦਾ ਹੈ, ਅਤੇ ਉਹ ਦਾ ਤੇਜਵਾਨ ਨਾਮ ਸਦਾ ਤਸੀਕੁਰ ਮੁਬਾਰਕ ਹੋਵੇ, ਅਤੇ **ਸਾਰੀ ਸਧਰਤੀ ਉਹ ਦੇ ਤੇਜ ਨਾਲ ਭਰਪੂਰ ਹੋਵੇ**!

ਅਮੀਨ ਤੇ ਆਮੀਨ!